# ਮਦਦ ਇੱਥੇ ਸ਼ੁਰੂ ਹੁੰਦੀ ਹੈ।

## ਕਾਮੁਕ ਹਮਲੇ ਬਾਰੇ ਜਾਣਕਾਰੀ

**ਕਾਮੁਕ ਹਮਲੇ ਦਾ ਮਤਲਬ ਹੈ...** ਕਿਸੇ ਵਿਅਕਤੀ ਦੀ ਸਹਿਮਤੀ ਬਿਨਾਂ ਕਿਸੇ ਵੀ ਰੂਪ ਦਾ ਕਾਮੁਕ ਸੰਪਰਕ, ਜਿਸ ਵਿਚ ਸਹਿਮਤੀ ਬਿਨਾਂ ਕਾਮੁਕ ਸੰਪਰਕ ਕਰਨ ਦੀ ਧਮਕੀ ਦੇਣਾ ਵੀ ਸ਼ਾਮਲ ਹੈ।

ਕਾਮੁਕ ਹਮਲਾ (ਸ਼ੈਕਸੂਅਲ ਅਸੌਲਟ) ਅਣਚਾਹੀ ਕਾਮੁਕ ਛੋਹ ਤੋਂ ਲੈ ਕੇ ਜਬਰਦਸਤੀ ਸੰਭੋਗ ਤੱਕ ਵੱਖ ਵੱਖ ਹੋ ਸਕਦਾ ਹੈ। ਇਸ ਵਿਚ ਅਜਿਹੀਆਂ ਹਾਲਤਾਂ ਸ਼ਾਮਲ ਹੋ ਸਕਦੀਆਂ ਹਨ ਜਿਨ੍ਹਾਂ ਵਿਚ ਭਰੋਸੇ, ਤਾਕਤ ਜਾਂ ਅਧਿਕਾਰ ਦੀ ਪੋਜ਼ੀਸ਼ਨ ਵਾਲੇ ਕਿਸੇ ਵਿਅਕਤੀ ਵਲੋਂ ਕਾਮੁਕਤਾ ਲਈ ਸਹਿਮਤੀ ਲਈ ਜਾ ਸਕਦੀ ਹੋਵੇ। ਕਾਮੁਕ ਹਮਲਾ ਇਕ ਜੁਰਮ ਹੈ, ਸ਼ਾਮਲ ਲੋਕਾਂ ਵਿਚਕਾਰ ਪਿਛਲਾ ਜਾਂ ਹੁਣ ਦਾ ਸਬੰਧ ਭਾਵੇਂ ਕੋਈ ਵੀ ਹੋਵੇ (ਜਿਵੇਂ ਵਿਆਹੇ ਹੋਏ ਜਾਂ ਇਕੱਠੇ ਰਹਿ ਰਹੇ ਹੋਣਾ, ਡੇਟਿੰਗ ਕਰਦੇ ਹੋਣਾ, ਦੋਸਤ ਹੋਣਾ, ਵਾਕਫ਼ ਹੋਣਾ, ਅਜਨਬੀ ਹੋਣਾ)। ਕਾਮੁਕ ਸੰਪਰਕ ਕਰਨ ਲਈ ਕਿਸੇ ਨੂੰ ਡਰਾਉਣ ਜਾਂ ਮਜ਼ਬੂਰ ਕਰਨ ਦਾ ਕਿਸੇ ਕੋਲ ਕੋਈ ਹੱਕ ਨਹੀਂ ਹੈ। ਕਿਸੇ ਦੂਸਰੇ ਵਿਅਕਤੀ ਨਾਲ ਸੈਕਸ ਕਰਨ ਲਈ ਕਿਸੇ ਨੂੰ ਵੀ ਭਰੋਸੇ, ਤਾਕਤ ਜਾਂ ਅਧਿਕਾਰ ਦੀ ਆਪਣੀ ਪੋਜ਼ੀਸ਼ਨ ਦੀ ਦੁਰਵਰਤੋਂ ਕਰਨ ਦਾ ਹੱਕ ਨਹੀਂ ਹੈ। ਜੇ ਹੁਣੇ ਹੁਣੇ ਜਾਂ ਬੀਤੇ ਸਮੇਂ ਵਿਚ ਤੁਹਾਡੇ 'ਤੇ ਕਾਮੁਕ ਹਮਲਾ ਹੋਇਆ ਹੈ ਤਾਂ ਮਦਦ ਮੌਜੂਦ ਹੈ।

### ਇਹ ਕਿਸ ਨਾਲ ਵਾਪਰਦਾ ਹੈ?

ਕਾਮੁਕ ਹਮਲਾ ਕਿਸੇ 'ਤੇ ਵੀ ਹੋ ਸਕਦਾ ਹੈ। ਇਹ ਵੱਖ ਵੱਖ ਉਮਰਾਂ, ਸਮਰੱਥਾਵਾਂ, ਅਤੇ ਸਭਿਆਚਾਰਕ ਅਤੇ ਆਰਥਿਕ ਪਿਛੋਕੜਾਂ ਵਾਲੇ ਲੋਕਾਂ ਨਾਲ ਵਾਪਰ ਸਕਦਾ ਹੈ। ਇਹ ਔਰਤਾਂ ਅਤੇ ਮਰਦਾਂ ਨਾਲ ਵਾਪਰਦਾ ਹੈ, ਭਾਵੇਂ ਉਨ੍ਹਾਂ ਦੀਆਂ ਕਾਮੁਕ ਰੁਚੀਆਂ ਕੋਈ ਵੀ ਹੋਣ।

ਕਾਮੁਕ ਹਮਲਾ ਕਿਤੇ ਵੀ ਹੋ ਸਕਦਾ ਹੈ – ਪ੍ਰਾਈਵੇਟ ਘਰਾਂ ਵਿਚ, ਕਮਿਊਨਟੀ ਦੇ ਸਥਾਨਾਂ ਵਿਚ ਜਾਂ ਸੰਸਥਾਵਾਂ ਵਿਚ, ਜਾਂ ਜਨਤਕ ਥਾਂਵਾਂ 'ਤੇ।

ਕਾਮੁਕ ਹਮਲਾ ਹਿੰਸਾ ਦੀ ਕਾਰਵਾਈ ਹੈ ਜੋ ਕਿ ਹੋਰਨਾਂ 'ਤੇ ਤਾਕਤ ਅਤੇ ਕੰਟਰੋਲ ਲਈ ਵਰਤਿਆ ਜਾਂਦਾ ਹੈ। ਭਾਵੇਂ ਕਿ ਕੁਝ ਕਾਮੁਕ ਹਮਲੇ ਅਜਨਬੀਆਂ ਵਲੋਂ ਕੀਤੇ ਜਾਂਦੇ ਹਨ, ਪਰ ਬਹੁਤੇ ਪੀੜਿਤਾਂ ਦੇ ਜਾਣਕਾਰਾਂ ਵਲੋਂ ਕੀਤੇ ਜਾਂਦੇ ਹਨ – ਜਿਵੇਂ ਕਿ ਪਰਿਵਾਰ ਦਾ ਕੋਈ ਮੈਂਬਰ, ਪਤੀ, ਡੇਟ, ਵਾਕਫ਼, ਸਾਥੀ-ਵਰਕਰ, ਜਾਂ ਭਰੋਸੇ ਜਾਂ ਤਾਕਤ ਦੀ ਪੋਜ਼ੀਸ਼ਨ ਵਿਚਲਾ ਕੋਈ ਵਿਅਕਤੀ (ਜਿਵੇਂ ਕੰਮ-ਮਾਲਕ, ਇਨਸਟਰੱਕਟਰ, ਸਿਹਤ ਸੰਭਾਲ ਦੀਆਂ ਸੇਵਾਵਾਂ ਦੇਣ ਵਾਲਾ)।

ਪੀੜਿਤ ਦੇ ਕਿਸੇ ਨਾਲ ਕਿਸੇ ਵੀ ਕਿਸਮ ਦੇ ਸੰਬੰਧ ਭਾਵੇਂ ਪਿਛਲੇ ਹੋਣ ਜਾਂ ਹੁਣ ਦੇ, ਕਾਮੁਕ ਹਮਲਾ ਉਸ ਵਿਅਕਤੀ ਦੀ ਗਲਤੀ ਹੈ ਜਿਹੜਾ ਇਹ ਕਰਦਾ ਹੈ।

### ਪੀੜਿਤਾਂ 'ਤੇ ਕਿਸ ਤਰ੍ਹਾਂ ਅਸਰ ਪੈ ਸਕਦੇ ਹਨ?

ਕਾਮੁਕ ਹਮਲੇ ਦੇ ਪੀੜਿਤਾਂ ਨੂੰ ਵੱਖ ਵੱਖ ਜਜ਼ਬਾਤਾਂ ਦਾ ਅਨੁਭਵ ਹੋ ਸਕਦਾ ਹੈ। ਕੁਝ ਨੂੰ ਸ਼ੁਰੂ ਵਿਚ ਧੱਕਾ ਲੱਗ ਸਕਦਾ ਹੈ ਜਾਂ ਉਹ ਸੁੰਨ ਹੋ ਸਕਦੇ ਹਨ। ਹੋਰ ਜਜ਼ਬਿਆਂ ਵਿਚ ਸ਼ਰਮ ਆਉਣਾ, ਡਰ ਲੱਗਣਾ, ਚਿੰਤਾ, ਭੰਬਲਭੂਸਾ, ਗੁੱਸਾ, ਡਿਪਰੈਸ਼ਨ, ਇਕੱਲਾਪਨ, ਅਤੇ ਸੋਗ ਸ਼ਾਮਲ ਹੋ ਸਕਦੇ ਹਨ। ਬਹੁਤ ਸਾਰੇ ਪੀੜਿਤ ਨਿਰਾਦਰੀ ਦੀ ਭਾਵਨਾ, ਬੇਵਸੀ ਅਤੇ ਭਰੋਸਾ ਚਲਿਆ ਜਾਣਾ ਮਹਿਸੂਸ ਕਰਦੇ ਹਨ। ਕਾਮੁਕ ਹਮਲੇ ਦੇ ਪੀੜਿਤ ਦੂਜਿਆਂ ਤੋਂ ਪਿੱਛੇ ਹਟ ਸਕਦੇ ਹਨ। ਜਾਂ, ਉਹ ਬਾਹਰ ਇਕੱਲੇ ਜਾਣ ਤੋਂ ਜਾਂ ਘਰ ਇਕੱਲੇ ਰਹਿਣ ਤੋਂ ਡਰ ਸਕਦੇ ਹਨ।

ਜਜ਼ਬਾਤੀ ਕਸ਼ਟ ਸਿਹਤ ਦੀਆਂ ਹੋਰ ਸਮੱਸਿਆਵਾਂ ਪੈਦਾ ਕਰ ਸਕਦਾ ਹੈ, ਜਿਵੇਂ ਕਿ ਪੇਟ ਵਿਚ ਗੜਬੜ, ਸਿਰਦਰਦ, ਜਾਂ ਸੌਣ ਜਾਂ ਖਾਣ ਦੀਆਂ ਸਮੱਸਿਆਵਾਂ।

ਕਾਮੁਕ ਹਿੰਸਾ ਦਾ ਨਤੀਜਾ ਸੰਭੋਗ ਨਾਲ ਲੱਗਣ ਵਾਲੀਆਂ ਬੀਮਾਰੀਆਂ ਜਾਂ ਗਰਭ ਠਹਿਰਨ ਵਿਚ ਨਿਕਲ ਸਕਦਾ ਹੈ। ਜੇ ਸਰੀਰਕ ਹਿੰਸਾ ਵੀ ਵਰਤੀ ਗਈ ਸੀ ਤਾਂ ਪੀੜਿਤਾਂ ਦੇ ਨੀਲ ਪੈ ਸਕਦੇ ਹਨ, ਹੱਡੀਆਂ ਟੁੱਟ ਸਕਦੀਆਂ ਹਨ ਜਾਂ ਹੋਰ ਸਰੀਰਕ ਸੱਟਾਂ ਲੱਗ ਸਕਦੀਆਂ ਹਨ।

ਕਾਮੁਕ ਹਮਲੇ ਦੇ ਅਸਰਾਂ ਨਾਲ ਸਿੱਝਣ ਲਈ ਇਕ ਮਹੱਤਵਪੂਰਨ ਕਦਮ ਕਿਸੇ ਨਾਲ ਇਸ ਬਾਰੇ ਗੱਲ ਕਰਨਾ ਹੈ। ਦੂਜਿਆਂ ਦੀ ਜਜ਼ਬਾਤੀ ਮਦਦ ਰਾਜ਼ੀ ਹੋਣ ਦੇ ਕਾਰਜ ਲਈ ਮਹੱਤਵਪੂਰਨ ਹੈ।

BRITISH COLUMBIA
Ministry of Justice

## ਕੁਝ ਪੀੜਿਤ ਮਦਦ ਕਿਉਂ ਨਹੀਂ ਲੈਂਦੇ?

ਕੁਝ ਪੀੜਿਤ ਕਾਮੁਕ ਹਮਲੇ ਬਾਰੇ ਕਿਸੇ ਹੋਰ ਵਿਅਕਤੀ ਨਾਲ ਗੱਲ ਕਰਨ ਵਿਚ ਪਰੇਸ਼ਾਨੀ ਮਹਿਸੂਸ ਕਰ ਸਕਦੇ ਹਨ। ਕੁਝ ਨੂੰ ਸ਼ਾਇਦ ਇਹ ਨਾ ਪਤਾ ਹੋਵੇ ਕਿ ਮਦਦ ਕਿਵੇਂ ਲੈਣੀ ਹੈ, ਜਾਂ ਉਨ੍ਹਾਂ ਨੂੰ ਇਹ ਗੈਰਯਕੀਨੀ ਵੀ ਹੋ ਸਕਦੀ ਹੈ ਕਿ ਜੋ ਕੁਝ ਉਨ੍ਹਾਂ ਨਾਲ ਹੋਇਆ ਹੈ ਕੀ ਇਹ ਕਾਮੁਕ ਹਮਲਾ ਸਮਝਿਆ ਜਾਵੇਗਾ ਜਾਂ ਨਹੀਂ। ਜਾਂ, ਉਨ੍ਹਾਂ ਨੂੰ ਇਹ ਫਿਕਰ ਵੀ ਹੋ ਸਕਦਾ ਹੈ ਕਿ ਉਨ੍ਹਾਂ ’ਤੇ ਯਕੀਨ ਨਹੀਂ ਕੀਤਾ ਜਾਵੇਗਾ ਜਾਂ ਦੂਜਿਆਂ ਦਾ ਕੀ ਰੀਐਕਸ਼ਨ ਹੋਵੇਗਾ।

ਜੋ ਵਾਪਰਿਆ ਹੈ ਉਸ ਬਾਰੇ ਫੌਰਨ ਗੱਲ ਕਰਨ ਬਾਰੇ ਕਦੇ ਕਦੇ ਪੀੜਿਤ ਬਹੁਤ ਸਦਮੇ ਵਿਚ ਜਾਂ ਅਪਸੈੱਟ ਹੋ ਸਕਦੇ ਹਨ। ਕਦੇ ਕਦੇ ਹੋ ਸਕਦਾ ਜਜ਼ਬਾਤੀ ਅਸਰ ਕਾਮੁਕ ਹਮਲੇ ਤੋਂ ਲੰਮਾ ਸਮਾਂ ਬਾਅਦ ਤੱਕ ਨਾ ਉਭਰਨ, ਖਾਸ ਕਰਕੇ ਜੇ ਅਜਿਹਾ ਬਚਪਨ ਵਿਚ ਹੋਇਆ ਹੈ।

ਕੁਝ ਪੀੜਿਤਾਂ ਨੂੰ ਸਭਿਆਚਾਰਕ ਜਾਂ ਬੋਲੀ ਦੀਆਂ ਰੁਕਾਵਟਾਂ, ਡਿਸਏਬਿਲਟੀ, ਜਾਂ ਸਮਾਜਿਕ ਜਾਂ ਸਰੀਰਕ ਅਲਹਿਦਗੀ ਕਰਕੇ ਮਦਦ ਲੈਣ ਵਿਚ ਮੁਸ਼ਕਲ ਆ ਸਕਦੀ ਹੈ। ਕੁਝ ਹੋਰ ਦੱਸਣ ਤੋਂ ਡਰ ਸਕਦੇ ਹਨ। ਉਨ੍ਹਾਂ ਨੂੰ ਉਸ ਵਿਅਕਤੀ ਤੋਂ ਬਦਲੇ ਦਾ ਡਰ ਲੱਗ ਸਕਦਾ ਹੈ ਜਿਸ ਨੇ ਉਨ੍ਹਾਂ ’ਤੇ ਕਾਮੁਕ ਹਮਲਾ ਕੀਤਾ ਹੈ। ਜਾਂ, ਉਨ੍ਹਾਂ ਨੂੰ ਸੰਬੰਧ ਖਤਮ ਕਰਨ ਜਾਂ ਪਰਿਵਾਰ ਦੇ ਟੁੱਟਣ ਦਾ ਡਰ ਲੱਗ ਸਕਦਾ ਹੈ। ਜੇ ਤੁਹਾਡੇ ’ਤੇ ਕਾਮੁਕ ਹਮਲਾ ਹੋਇਆ ਹੈ ਤਾਂ **ਆਪਣੇ ਭਰੋਸੇ ਵਾਲੇ ਕਿਸੇ ਵਿਅਕਤੀ ਨਾਲ ਗੱਲ ਕਰੋ।**

## ਪੁਲੀਸ ਨੂੰ ਰਿਪੋਰਟ ਕਰਨ ਬਾਰੇ ਕੀ ਵਿਚਾਰ ਹੈ?

ਪੀੜਿਤ ਕਾਮੁਕ ਹਮਲੇ ਦੀ ਪੁਲੀਸ ਨੂੰ ਰਿਪੋਰਟ ਕਰਨਾ ਚਾਹੁੰਦੇ ਹੋ ਸਕਦੇ ਹਨ। ਕਾਮੁਕ ਹਮਲੇ ਤੋਂ ਬਾਅਦ ਫੌਰਨ ਰਿਪੋਰਟ ਕਰਨ ਨਾਲ ਇਹ ਪੱਕਾ ਕਰਨ ਵਿਚ ਮਦਦ ਮਿਲਦੀ ਹੈ ਕਿ ਵੱਧ ਤੋਂ ਵੱਧ ਸਬੂਤ ਲਏ ਜਾ ਸਕਦੇ ਹਨ। ਇਸ ਨਾਲ ਹਮਲਾ ਕਰਨ ਵਾਲੇ ਵਿਅਕਤੀ ’ਤੇ ਕਾਮਯਾਬੀ ਨਾਲ ਮੁਕੱਦਮਾ ਚਲਾਉਣ ਦੇ ਮੌਕੇ ਵਧਦੇ ਹਨ। ਪਰ ਇਸ ਚੀਜ਼ ਲਈ ਸਮੇਂ ਦੀ ਕੋਈ ਹੱਦ ਨਹੀਂ ਹੈ ਕਿ ਕਾਮੁਕ ਹਮਲੇ ਬਾਰੇ ਪੁਲੀਸ ਨੂੰ ਕਦੋਂ ਰਿਪੋਰਟ ਕੀਤੀ ਜਾ ਸਕਦੀ ਹੈ। ਭਾਵੇਂ ਇਹ ਕਈ ਮਹੀਨੇ ਜਾਂ ਕਈ ਸਾਲ ਪਹਿਲਾਂ ਵਾਪਰਿਆ ਹੋਵੇ, ਪੁਲੀਸ ਅਜੇ ਵੀ ਪੜਤਾਲ ਕਰ ਸਕਦੀ ਹੈ। ਪੁਲੀਸ ਨੂੰ ਰਿਪੋਰਟ ਕਰਨ ਵੇਲੇ ਮਦਦ ਕਰਨ ਵਾਲਾ ਕੋਈ ਵਿਅਕਤੀ ਪੀੜਿਤ ਨਾਲ ਹੋ ਸਕਦਾ ਹੈ। ਭਾਵੇਂ ਪੁਲੀਸ ਸ਼ਾਮਲ ਹੋਈ ਹੋਵੇ ਜਾਂ ਨਾ, ਪੀੜਿਤ ਵਿਕਟਿਮ ਸਰਵਿਸਿਜ਼ ਅਤੇ ਹੋਰ ਏਜੰਸੀਆਂ ਤੋਂ ਮਦਦ ਲੈ ਸਕਦੇ ਹਨ।

### ਜਦੋਂ 19 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਸੁਰੱਖਿਆ ਦੀ ਲੋੜ ਹੁੰਦੀ ਹੈ

ਜੇ ਕੋਈ ਵੀ ਇਹ ਯਕੀਨ ਕਰਦਾ ਹੈ ਕਿ ਕਿਸੇ ਬੱਚੇ (19 ਸਾਲ ਤੋਂ ਘੱਟ ਦੇ ਵਿਅਕਤੀ) ਨੂੰ ਸੁਰੱਖਿਆ ਦੀ ਲੋੜ ਹੈ ਤਾਂ ਉਸ ਵਿਅਕਤੀ ਦੀ ਇਹ ਕਾਨੂੰਨੀ ਜ਼ਿੰਮੇਵਾਰੀ ਹੈ ਕਿ ਉਹ ਇਹ ਗੱਲ ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਨੂੰ ਦੱਸੇ (ਇਸ ਬਾਰੇ ਜ਼ਿਆਦਾ ਬੀ.ਸੀ. ਦਾ ਬੱਚਿਆਂ ਦੀ ਹਿਫਾਜ਼ਤ ਲਈ ਕਾਨੂੰਨ ਵਾਲੇ ਭਾਗ ਵਿਚ ਦੱਸਿਆ ਗਿਆ ਹੈ)। ਇਸ ਦਾ ਨਤੀਜਾ ਪੁਲੀਸ ਨੂੰ ਰਿਪੋਰਟ ਕਰਨ ਵਿਚ ਨਿਕਲ ਸਕਦਾ ਹੈ।

## ਕਾਮੁਕ ਹਮਲੇ ਨਾਲ ਸੰਬੰਧਿਤ ਕਿਹੜੇ ਕਾਨੂੰਨ ਹਨ?

### ਕਰਿਮੀਨਲ ਕੋਡ

ਕਾਮੁਕ ਹਮਲਾ ਉਹ ਹਮਲਾ ਹੈ ਜਿਹੜਾ ਕਾਮੁਕ ਕਿਸਮ ਦੀਆਂ ਹਾਲਤਾਂ ਵਿਚ ਕੀਤਾ ਗਿਆ ਹੁੰਦਾ ਹੈ। “ਅਸੌਲਟ” ਦਾ ਮਤਲਬ ਹੈ ਕਿ ਪੀੜਿਤ ਨੇ ਸਹਿਮਤੀ ਨਹੀਂ ਦਿੱਤੀ, ਜਾਂ ਸਹਿਮਤੀ ਨਾ ਦੇ ਸਕਿਆ (ਮਰਜ਼ੀ ਨਾਲ ਸਹਿਮਤ ਨਹੀਂ ਹੋਇਆ)। ਕੈਨੇਡਾ ਵਿਚ ਕਾਮੁਕ ਸਰਗਰਮੀ ਲਈ ਸਹਿਮਤੀ ਦੀ ਕਾਨੂੰਨੀ ਉਮਰ 16 ਸਾਲ ਹੈ (ਜੇ ਜਵਾਨ ਲੋਕ ਇੱਕੋ ਜਿਹੀ ਉਮਰ ਦੇ ਹੋਣ ਤਾਂ ਇਸ ਵਿਚ ਛੋਟ ਹੈ)।

ਕਾਮੁਕ ਹਮਲੇ ਦੇ ਜੁਰਮਾਂ ਦੀਆਂ ਖਾਸ ਕਿਸਮਾਂ ਹਨ, ਉਦਾਹਰਣ ਲਈ ਜੋ ਕਿ ਇਸ ਚੀਜ਼ ’ਤੇ ਨਿਰਭਰ ਕਰਦੀਆਂ ਹਨ ਕਿ ਕੀ ਹਥਿਆਰ ਦੀ ਵਰਤੋਂ ਕੀਤੀ ਗਈ ਸੀ ਜਾਂ ਗੰਭੀਰ ਸਰੀਰਕ ਨੁਕਸਾਨ ਹੋਇਆ ਹੈ ਜਾਂ ਨਹੀਂ।

ਉਨ੍ਹਾਂ ਹਾਲਤਾਂ ਦੀਆਂ ਉਦਾਹਰਣਾਂ ਜਿਨ੍ਹਾਂ ਵਿਚ ਕਾਮੁਕ ਸਰਗਰਮੀ ਲਈ ਸਹਿਮਤੀ ਨਹੀਂ ਦਿੱਤੀ ਗਈ ਸੀ:

- ਪੀੜਿਤ ਦੇ ਸ਼ਬਦ ਜਾਂ ਐਕਸ਼ਨ ਜੋ ਇਹ ਇਸ਼ਾਰਾ ਕਰਦੇ ਹੋਣ ਕਿ ਕਾਮੁਕ ਸਰਗਰਮੀ ਦੀ ਇੱਛਾ ਨਹੀਂ ਸੀ;
- ਪੀੜਿਤ ਦੇ ਸ਼ਬਦ ਜਾਂ ਐਕਸ਼ਨ ਜੋ ਇਹ ਇਸ਼ਾਰਾ ਕਰਦੇ ਹੋਣ ਕਿ ਪੀੜਿਤ ਕਾਮੁਕ ਸਰਗਰਮੀ ਜਾਰੀ ਨਹੀਂ ਰੱਖਣਾ ਚਾਹੁੰਦਾ ਸੀ;
- ਪੀੜਿਤ ਨੇ ਈਨ ਮੰਨ ਲਈ ਜਾਂ ਵਿਰੋਧ ਨਹੀਂ ਕੀਤਾ ਕਿਉਂਕਿ ਤਾਕਤ ਦੀ ਵਰਤੋਂ ਕਰਨ ਦੀ ਧਮਕੀ ਦਿੱਤੀ ਗਈ ਸੀ ਜਾਂ ਤਾਕਤ ਵਰਤੀ ਗਈ ਸੀ;
- ਪੀੜਿਤ ਸਹਿਮਤੀ ਦੇਣ ਦੇ ਯੋਗ ਨਹੀਂ ਸੀ (ਕਿਉਂਕਿ ਉਸ ਨੂੰ ਨਸ਼ਾ ਦਿੱਤਾ ਗਿਆ ਸੀ ਜਾਂ ਉਸ ਨੂੰ ਕੋਈ ਡਿਸਏਬਿਲਟੀ ਸੀ);
- ਭਰੋਸੇ, ਤਾਕਤ ਜਾਂ ਹੱਕਦਾਰੀ ਦੀ ਪੋਜ਼ੀਸ਼ਨ ਦੀ ਦੁਰਵਰਤੋਂ ਕਰਕੇ ਪੀੜਿਤ ਨੂੰ ਕਾਮੁਕ ਸਰਗਰਮੀ ਕਰਨ ਲਈ ਮਨਾਇਆ ਗਿਆ ਸੀ।

ਕਦੇ ਕਦੇ ਸੰਬੰਧਾਂ ਦੀ ਕਿਸਮ ਦਾ ਹੀ ਇਹ ਮਤਲਬ ਹੁੰਦਾ ਹੈ ਕਿ ਕਾਮੁਕ ਸਰਗਰਮੀ ਲਈ ਸਹੀ ਸਹਿਮਤੀ ਨਹੀਂ ਦਿੱਤੀ ਜਾ ਸਕਦੀ, ਜਿਵੇਂ ਕਿ ਭਰੋਸੇ ਜਾਂ ਨਿਰਭਰਤਾ ਵਾਲੇ ਸੰਬੰਧਾਂ ਵਿਚ ਜਾਂ ਜਿਨ੍ਹਾਂ ਵਿਚ ਕਮਜ਼ੋਰ ਪੀੜਿਤ ਸ਼ਾਮਲ ਹੋਣ। ਕੈਨੇਡਾ ਵਿਚ, ਜਵਾਨ ਵਿਅਕਤੀ ਦਾ “ਸ਼ੋਸ਼ਣ” ਕਰਨ ਵਾਲੀ ਕਾਮੁਕ ਸਰਗਰਮੀ ਲਈ ਸਹਿਮਤੀ ਦੀ ਉਮਰ 18 ਸਾਲ ਹੈ – ਜਿਸ ਵਿਚ ਵੇਸਵਾਪੁਣਾ, ਪੌਰਨੋਗ੍ਰਾਫੀ ਸ਼ਾਮਲ ਹੁੰਦੇ ਹਨ ਜਾਂ ਇਹ ਅਧਿਕਾਰ, ਭਰੋਸੇ ਜਾਂ ਨਿਰਭਰਤਾ ਦੇ ਸੰਬੰਧਾਂ ਵਿਚ ਹੁੰਦਾ ਹੈ (ਜਿਵੇਂ ਟੀਚਰ, ਕੋਚ ਜਾਂ ਬੇਬੀਸਿਟਰ ਨਾਲ)। ਸਰੀਰਕ ਜਾਂ ਮਾਨਸਿਕ ਅਪਾਹਜਤਾ ਵਾਲੇ ਕਿਸੇ ਵੀ ਉਮਰ ਦੇ ਪੀੜਿਤ ਵੀ

# ਮਦਦ ਇੱਥੇ ਸ਼ੁਰੂ ਹੁੰਦੀ ਹੈ।

## ਕਾਮੁਕ ਹਮਲੇ ਬਾਰੇ ਜਾਣਕਾਰੀ

ਕਾਮੁਕ ਸਰਗਰਮੀ ਲਈ ਸਹਿਮਤੀ ਦੇਣ ਦੇ ਅਯੋਗ ਸਮਝੇ ਜਾਂਦੇ ਹਨ ਜਿਸ ਕਾਮੁਕ ਸਰਗਰਮੀ ਦੀ ਕਿਸਮ ਸ਼ੋਸ਼ਣ ਕਰਨ ਵਾਲੀ ਹੁੰਦੀ ਹੈ ਜਾਂ ਜਿੱਥੇ ਇਹ ਅਧਿਕਾਰ, ਭਰੋਸੇ ਜਾਂ ਨਿਰਭਰਤਾ ਦੇ ਸੰਬੰਧਾਂ ਵਿਚ ਵਾਪਰਦੀ ਹੈ।

### ਬੀ.ਸੀ. ਦੇ ਪੀੜਿਤਾਂ ਲਈ ਕਾਨੂੰਨ

ਜੁਰਮਾਂ ਦੇ ਪੀੜਿਤ ਲੋਕਾਂ ਦੇ ਹੱਕ ਹਨ। ਵਿਕਟਿਮਜ਼ ਆਫ ਕਰਾਇਮ ਐਕਟ, ਜੁਰਮ ਦੇ ਪੀੜਿਤਾਂ ਨਾਲ ਸਨਮਾਨ ਅਤੇ ਆਦਰ ਵਾਲਾ ਵਰਤਾਉ ਕੀਤੇ ਜਾਣ ਅਤੇ ਜਾਣਕਾਰੀ ਲੈਣ ਦੇ ਹੱਕ ਤਹਿ ਕਰਦਾ ਹੈ।

ਕਰਾਇਮ ਵਿਕਟਿਮ ਅਸਿਸਟੈਂਸ ਐਕਟ, ਸੱਟਾਂ ਤੋਂ ਠੀਕ ਹੋਣ ਅਤੇ ਹਿੰਸਕ ਜੁਰਮ ਦੇ ਨਤੀਜੇ ਵਜੋਂ ਹੋਰ ਖਰਚੇ ਉਗਰਾਹੁਣ ਵਿਚ ਮਦਦ ਲਈ ਬੈਨੇਫਿਟਸ ਪ੍ਰਦਾਨ ਕਰਦਾ ਹੈ।

### ਬੀ.ਸੀ. ਦਾ ਬੱਚਿਆਂ ਦੀ ਹਿਫਾਜ਼ਤ ਲਈ ਕਾਨੂੰਨ

ਚਾਇਲਡ, ਫੈਮਿਲੀ ਐਂਡ ਕਮਿਊਨਟੀ ਸਰਵਿਸ ਐਕਟ ਮੰਗ ਕਰਦਾ ਹੈ ਕਿ ਐਕਟ ਅਧੀਨ ਜਦੋਂ ਕਿਸੇ ਬੱਚੇ (19 ਸਾਲ ਤੋਂ ਘੱਟ ਉਮਰ ਦੇ ਵਿਅਕਤੀ) ਨੂੰ "ਹਿਫਾਜ਼ਤ ਦੀ ਲੋੜ" ਹੁੰਦੀ ਹੈ ਤਾਂ ਇਸ ਦੀ ਰਿਪੋਰਟ ਕੀਤੀ ਜਾਣੀ ਜ਼ਰੂਰੀ ਹੈ। ਹੋਰ ਹਾਲਤਾਂ ਦੇ ਇਲਾਵਾ, ਇਸ ਵਿਚ ਉਹ ਹਾਲਤਾਂ ਸ਼ਾਮਲ ਹਨ ਜਿਨ੍ਹਾਂ ਵਿਚ:

- ਬੱਚੇ ਨਾਲ ਬੱਚੇ ਦੇ ਮਾਪੇ ਵਲੋਂ ਕਾਮੁਕ ਤੌਰ 'ਤੇ ਬੁਰਾ ਵਰਤਾਉ ਜਾਂ ਸ਼ੋਸ਼ਣ ਕੀਤਾ ਗਿਆ ਹੈ ਜਾਂ ਕੀਤੇ ਜਾਣ ਦੀ ਸੰਭਾਵਨਾ ਹੈ;
- ਬੱਚੇ ਨਾਲ ਕਿਸੇ ਹੋਰ ਵਿਅਕਤੀ ਵਲੋਂ ਸਰੀਰਕ ਤੌਰ 'ਤੇ, ਕਾਮੁਕ ਤੌਰ 'ਤੇ ਬੁਰਾ ਵਰਤਾਉ ਜਾਂ ਕਾਮੁਕ ਸ਼ੋਸ਼ਣ ਕੀਤਾ ਗਿਆ ਹੈ ਜਾਂ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਜਿੱਥੇ ਬੱਚੇ ਦਾ ਮਾਪਾ ਬੱਚੇ ਦੀ ਰੱਖਿਆ ਕਰਨ ਦੇ ਅਯੋਗ ਹੈ ਜਾਂ ਖਾਹਸ਼ਮੰਦ ਨਹੀਂ ਹੈ।

ਰਿਪੋਰਟਾਂ ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਨੂੰ ਕੀਤੀਆਂ ਜਾਂਦੀਆਂ ਹਨ ਅਤੇ ਇਹ ਹੈਲਪਲਾਈਨ ਫਾਰ ਚਿਲਡਰਨ ਨੂੰ 310-1234 'ਤੇ ਫੋਨ ਕਰਕੇ (ਏਰੀਆ ਕੋਡ ਲਾਉਣ ਦੀ ਲੋੜ ਨਹੀਂ ਹੈ) ਕੀਤੀਆਂ ਜਾ ਸਕਦੀਆਂ ਹਨ। ਕੋਈ ਚਾਇਲਡ ਪ੍ਰੋਟੈਕਸ਼ਨ ਸੋਸ਼ਲ ਵਰਕਰ ਢੁਕਵੇਂ ਹੁੰਗਾਰੇ ਦਾ ਫੈਸਲਾ ਕਰੇਗਾ, ਜਿਸ ਵਿਚ ਪੁਲੀਸ ਦੀ ਪੜਤਾਲ ਨਾਲ ਸਾਂਝੇ ਤੌਰ 'ਤੇ ਬੱਚੇ ਦੀ ਸੁਰੱਖਿਆ ਦੀ ਪੜਤਾਲ ਕਰਨਾ ਸ਼ਾਮਲ ਹੋ ਸਕਦਾ ਹੈ।

## ਕਿਸ ਕਿਸਮ ਦੀ ਮਦਦ ਮਿਲ ਸਕਦੀ ਹੈ?

### ਪੁਲੀਸ

ਪੁਲੀਸ ਫੌਰੀ ਖਤਰੇ ਵਿਚਲੇ ਲੋਕਾਂ ਬਾਰੇ ਰਿਪੋਰਟਾਂ ਉੱਪਰ ਅਤੇ ਸੰਭਵ ਮੁਜਰਮਾਨਾ ਜੁਰਮਾਂ ਦੀਆਂ ਰਿਪੋਰਟਾਂ ਦੀ ਪੜਤਾਲ ਕਰਦੀ ਹੈ। ਉਹ ਜੁਰਮਾਂ ਦੀ ਪੜਤਾਲ ਕਰਦੇ ਹਨ ਅਤੇ ਹੋਰ ਏਜੰਸੀਆਂ ਬਾਰੇ ਜਾਣਕਾਰੀ ਦਿੰਦੇ ਹਨ ਜਿਹੜੀਆਂ ਮਦਦ ਕਰਨ ਦੇ ਯੋਗ ਹੋ ਸਕਦੀਆਂ ਹਨ।

### ਵਿਕਟਿਮ ਸਰਵਿਸ ਪ੍ਰੋਗਰਾਮ

ਵਿਕਟਿਮ ਸਰਵਿਸ ਪ੍ਰੋਗਰਾਮ, ਕਮਿਊਨਟੀ ਏਜੰਸੀਆਂ ਜਾਂ ਪੁਲੀਸ ਸਟੇਸ਼ਨਾਂ ਵਿਚ ਸਥਿਤ ਹਨ। ਉਹ ਘਟਨਾ ਦੀ ਛਾਣਬੀਣ ਕਰਦੇ ਹਨ, ਅਮਲੀ ਅਤੇ ਜਜ਼ਬਾਤੀ ਮਦਦ ਪ੍ਰਦਾਨ ਕਰਦੇ ਹਨ, ਸੇਫਟੀ ਦੀ ਪਲੈਨਿੰਗ, ਜਾਣਕਾਰੀ ਅਤੇ ਸਲਾਹ-ਮਸ਼ਵਰੇ ਦੀਆਂ ਸੇਵਾਵਾਂ ਅਤੇ ਹੋਰ ਸੇਵਾਵਾਂ ਕੋਲ ਭੇਜਦੇ ਹਨ, ਅਤੇ ਕਰਿਮੀਨਲ ਜਸਟਿਸ ਸਿਸਟਮ ਬਾਰੇ ਜਾਣਕਾਰੀ ਦਿੰਦੇ ਹਨ ਅਤੇ ਮਦਦ ਕਰਦੇ ਹਨ ਜਿਸ ਵਿਚ ਜੁਰਮਾਂ ਦਾ ਸ਼ਿਕਾਰ ਹੋਇਆਂ ਲਈ ਸਹਾਇਤਾ ਦੇ ਭੱਤੇ ਲੈਣ ਵਿਚ ਮਦਦ ਕਰਨਾ ਅਤੇ ਅਦਾਲਤ ਵਿਚ ਜਾਣ ਵਿਚ ਪੀੜਿਤਾਂ ਦੀ ਮਦਦ ਕਰਨਾ ਵੀ ਸ਼ਾਮਲ ਹੈ।

*ਕਿਸੇ ਹਿੰਸਕ ਜੁਰਮ ਨਾਲ ਜ਼ਖਮੀ ਹੋਏ ਪੀੜਿਤ, ਕਰਾਇਮ ਵਿਕਟਿਮ ਅਸਿਸਟੈਂਸ ਐਕਟ ਅਧੀਨ, ਭੱਤਿਆਂ ਲਈ ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ ਕੋਲ ਅਪਲਾਈ ਕਰ ਸਕਦੇ ਹਨ। 1.866.660.3888 ਨੂੰ ਫੋਨ ਕਰੋ।*

### ਔਰਤਾਂ ਖਿਲਾਫ ਹਿੰਸਾ ਦੇ ਪ੍ਰੋਗਰਾਮ

ਸਟੌਪਿੰਗ ਦਾ ਵਾਇਲੈਂਸ ਕੌਂਸਲਰ ਅਤੇ ਚਿਲਡਰਨ ਹੂ ਵਿਟਨੈੱਸ ਅਬਿਊਜ਼ ਕੌਂਸਲਰ, ਬੀ.ਸੀ. ਭਰ ਵਿਚ 180 ਨਾਲੋਂ ਜ਼ਿਆਦਾ ਪ੍ਰੋਗਰਾਮਾਂ ਵਲੋਂ ਰੱਖੇ ਹੋਏ ਹਨ ਅਤੇ ਉਹ ਆਪਣੇ ਸੰਬੰਧਾਂ ਵਿਚ ਹਿੰਸਾ ਤੋਂ ਭੱਜ ਰਹੀਆਂ ਔਰਤਾਂ ਅਤੇ ਬੁਰਾ ਵਰਤਾਉ ਦੇਖਣ ਵਾਲੇ ਬੱਚਿਆਂ ਨੂੰ ਸਲਾਹ-ਮਸ਼ਵਰਾ ਦੇਣ ਲਈ ਟਰੇਂਡ ਹਨ।

ਆਊਟਰੀਚ ਸਰਵਿਸਿਜ਼ ਵਰਕਰ ਅਤੇ ਮਲਟੀਕਲਚਰਲ ਆਊਟਰੀਚ ਸਰਵਿਸਿਜ਼ ਵਰਕਰ, ਬੀ.ਸੀ. ਭਰ ਵਿਚ 60 ਨਾਲੋਂ ਜ਼ਿਆਦਾ ਪ੍ਰੋਗਰਾਮਾਂ ਵਲੋਂ ਰੱਖੇ ਹੋਏ ਹਨ ਅਤੇ ਉਹ ਸੰਕਟ ਵਿਚਲੀਆਂ ਔਰਤਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਲੋੜੀਂਦੀ ਮਦਦ ਨਾਲ ਜੋੜਨ ਲਈ ਟਰੇਂਡ ਹਨ।

ਆਪਣੇ ਇਲਾਕੇ ਵਿਚਲੇ ਕਿਸੇ ਵਿਕਟਿਮ ਸਰਵਿਸ ਪ੍ਰੋਗਰਾਮ ਜਾਂ ਔਰਤਾਂ ਖਿਲਾਫ ਹਿੰਸਾ ਦੇ ਪ੍ਰੋਗਰਾਮ ਨਾਲ ਜੁੜਨ ਲਈ ਕਿਰਪਾ ਕਰਕੇ ਵਿਕਟਿਮਲਿੰਕ ਬੀ ਸੀ ਨੂੰ 1-800-563-0808 'ਤੇ ਫੋਨ ਕਰੋ। ਵਿਕਟਿਮਲਿੰਕ ਬੀ ਸੀ ਜੁਰਮ ਦਾ ਸ਼ਿਕਾਰ ਹੋਏ ਸਾਰੇ ਵਿਅਕਤੀਆਂ ਨੂੰ ਜਾਣਕਾਰੀ ਦਿੰਦਾ ਹੈ ਅਤੇ ਅਗਾਂਹ ਭੇਜਦਾ ਹੈ, ਅਤੇ ਕਾਮੁਕ ਅਤੇ ਘਰੇਲੂ ਹਿੰਸਾ ਦੇ ਪੀੜਿਤਾਂ ਲਈ ਫੌਰੀ ਸੰਕਟ ਵਿਚ ਮਦਦ ਕਰਦਾ ਹੈ।

### ਟ੍ਰਾਂਜ਼ੀਸ਼ਨ ਹਾਊਸ

ਬੀ ਸੀ ਹਾਊਜ਼ਿੰਗ ਹਿੰਸਾ ਦੇ ਖਤਰੇ ਵਾਲੀਆਂ ਔਰਤਾਂ (ਨਿਰਭਰ ਬੱਚਿਆਂ ਨਾਲ ਜਾਂ ਬੱਚਿਆਂ ਤੋਂ ਬਗੈਰ) ਲਈ ਟ੍ਰਾਂਜ਼ੀਸ਼ਨ ਹਾਊਸ, ਸੁਰੱਖਿਅਤ ਰਿਹਾਇਸ਼ ਅਤੇ ਇਨ੍ਹਾਂ ਨਾਲ ਸੰਬੰਧਿਤ ਸਹਾਇਤਾ ਸੇਵਾਵਾਂ ਦੇਣ ਲਈ ਜ਼ਿੰਮੇਵਾਰ ਹੈ। ਟ੍ਰਾਂਜ਼ੀਸ਼ਨ ਹਾਊਸ ਜਜ਼ਬਾਤੀ ਮਦਦ ਅਤੇ ਸੰਕਟ ਵੇਲੇ ਦਖਲਅੰਦਾਜ਼ੀ ਕਰਦੇ ਹਨ; ਦਿਨ ਦੇ 24 ਘੰਟੇ, ਹਫਤੇ ਦੇ ਸੱਤੇ ਦਿਨ ਸੁਰੱਖਿਅਤ, ਆਰਜ਼ੀ ਰਿਹਾਇਸ਼ ਪ੍ਰਦਾਨ ਕਰਦੇ ਹਨ; ਅਤੇ ਰਿਹਾਇਸ਼ੀ, ਵਿੱਤੀ, ਮੈਡੀਕਲ ਅਤੇ ਕਾਨੂੰਨੀ ਮਦਦ ਤੱਕ ਪਹੁੰਚ ਕਰਨ ਵਿਚ ਮਦਦ ਕਰਦੇ ਹਨ।

ਜ਼ਿਆਦਾ ਜਾਣਕਾਰੀ ਲਈ ਵੈੱਬਸਾਈਟ 'ਤੇ ਜਾਉ:

www.bchousing.org/programs/transition_housing

### ਹੋਰ ਸੇਵਾਵਾਂ

ਕਮਿਉਨਟੀ ਏਜੰਸੀਆਂ, ਹੈਲਥ ਕਲੀਨਿਕ, ਅਤੇ ਹਸਪਤਾਲ, ਕਾਮੁਕ ਹਮਲਿਆਂ ਦੇ ਪੀੜਿਤਾਂ ਦੀ ਸਰੀਰਕ ਅਤੇ ਮਨੋਵਿਗਿਆਨਕ ਸਦਮੇ ਤੋਂ ਰਾਜ਼ੀ ਹੋਣ ਵਿਚ ਮਦਦ ਕਰਨ ਲਈ ਐਮਰਜੰਸੀ ਅਤੇ ਲੰਮੇ ਸਮੇਂ ਲਈ ਸੇਵਾਵਾਂ ਪ੍ਰਦਾਨ ਕਰਦੇ ਹਨ। ਹੈਲਥਲਿੰਕ ਬੀ ਸੀ ਗੈਰ-ਐਮਰਜੰਸੀ ਸਿਹਤ ਜਾਣਕਾਰੀ ਅਤੇ ਸੇਵਾਵਾਂ ਤੱਕ ਸੌਖੀ ਪਹੁੰਚ ਪ੍ਰਦਾਨ ਕਰਦੀ ਹੈ। ਹੈਲਥਲਿੰਕ ਬੀ ਸੀ ਨਾਲ ਸੰਪਰਕ ਕਰਨ ਲਈ 811 ’ਤੇ ਫੋਨ ਕਰੋ।

ਕੁਝ ਏਜੰਸੀਆਂ ਸਿਹਤ, ਜਾਣਕਾਰੀ ਜਾਂ ਹਿਮਾਇਤ ਦੀਆਂ ਖਾਸ ਸੇਵਾਵਾਂ ਵੀ ਦਿੰਦੀਆਂ ਹਨ ਜਿਵੇਂ ਕਿ ਅਪਾਹਜਤਾਵਾਂ ਵਾਲੇ ਲੋਕਾਂ, ਜਾਂ ਕਿਸੇ ਖਾਸ ਉਮਰ ਗਰੁੱਪ ਦੇ ਵਿਅਕਤੀਆਂ, ਲਿੰਗ, ਕਾਮੁਕ ਰੁਚੀਆਂ, ਜਾਂ ਸਭਿਆਚਾਰਕ ਪਿਛੋਕੜ ਵਾਲੇ ਲੋਕਾਂ ਲਈ ਖਾਸ ਸੇਵਾਵਾਂ।

ਵਿਕਟਿਮਲਿੰਕ ਬੀ ਸੀ ਪੀੜਿਤਾਂ ਨੂੰ ਕਮਿਉਨਟੀ ਅਤੇ ਸਰਕਾਰੀ ਵਸੀਲਿਆਂ ਦੇ ਇਕ ਨੈੱਟਵਰਕ ਨਾਲ ਜੋੜ ਸਕਦਾ ਹੈ, ਜਿਸ ਵਿਚ ਸਮਾਜਿਕ, ਸਿਹਤ, ਅਤੇ ਨਿਆਂ ਦੇ ਵਸੀਲੇ ਸ਼ਾਮਲ ਹਨ ਜਿਵੇਂ ਕਿ ਪੀੜਿਤਾਂ ਨੂੰ ਸੇਵਾਵਾਂ, ਕੌਂਸਲਿੰਗ ਦੇ ਵਸੀਲੇ ਅਤੇ ਟ੍ਰਾਂਜ਼ੀਸ਼ਨ ਹਾਊਸ। ਜ਼ਿਆਦਾ ਜਾਣਕਾਰੀ ਲਈ 1-800-563-0808 ’ਤੇ ਫੋਨ ਕਰੋ।

## ਜੇ ਤੁਹਾਨੂੰ ਮਦਦ ਦੀ ਲੋੜ ਹੋਵੇ ਤਾਂ ਚੁੱਕੇ ਜਾਣ ਵਾਲੇ ਕਦਮ

- ਜੇ ਕਾਮੁਕ ਹਮਲਾ ਹੁਣੇ ਹੁਣੇ ਹੋਇਆ ਹੈ ਤਾਂ ਕਿਸੇ ਸੁਰੱਖਿਅਤ ਥਾਂ ’ਤੇ ਜਾਉ।
- ਜੇ ਤੁਹਾਨੂੰ ਫੌਰੀ ਖਤਰਾ ਹੋਵੇ ਜਾਂ ਫੌਰੀ ਮੈਡੀਕਲ ਇਲਾਜ ਦੀ ਲੋੜ ਹੋਵੇ ਤਾਂ 911 ਨੂੰ ਜਾਂ ਆਪਣੇ ਇਲਾਕੇ ਦੇ ਐਮਰਜੰਸੀ ਨੰਬਰ ਨੂੰ ਫੋਨ ਕਰਕੇ ਪੁਲੀਸ ਜਾਂ ਐਂਬੂਲੈਂਸ ਸੇਵਾਵਾਂ ਨਾਲ ਸੰਪਰਕ ਕਰੋ।
- ਆਪਣੇ ਭਰੋਸੇ ਵਾਲੇ ਕਿਸੇ ਵਿਅਕਤੀ ਨੂੰ ਦੱਸੋ ਕਿ ਕੀ ਵਾਪਰਿਆ ਹੈ। ਜੇ ਕੋਈ ਦੋਸਤ ਜਾਂ ਪਰਿਵਾਰ ਦਾ ਮੈਂਬਰ ਜਜ਼ਬਾਤੀ ਮਦਦ ਜਾਂ ਅਮਲੀ ਤਰੀਕਿਆਂ ਨਾਲ ਤੁਹਾਡੀ ਮਦਦ ਕਰ ਸਕਦਾ ਹੋਵੇ ਤਾਂ ਮਦਦ ਲਵੋ।
- ਵਿਕਟਿਮਲਿੰਕ ਬੀ ਸੀ ਨੂੰ 1-800-563-0808 ’ਤੇ ਫੋਨ ਕਰਕੇ ਕਿਸੇ ਵਿਕਟਿਮ ਸਰਵਿਸ ਪ੍ਰੋਗਰਾਮ ਨਾਲ ਸੰਪਰਕ ਕਰੋ। ਵਿਕਟਿਮ ਸਰਵਿਸ ਵਰਕਰ ਤੁਹਾਡੀ ਸਿੱਧੀ ਮਦਦ ਕਰ ਸਕਦਾ ਹੈ ਅਤੇ ਤੁਹਾਨੂੰ ਕਮਿਉਨਟੀ ਦੀਆਂ ਹੋਰ ਏਜੰਸੀਆਂ ਕੋਲ ਵੀ ਭੇਜ ਸਕਦਾ ਹੈ।
- ਕਾਮੁਕ ਹਮਲੇ ਤੋਂ ਬਾਅਦ ਜਿੰਨਾ ਵੀ ਛੇਤੀ ਹੋ ਸਕੇ ਮੈਡੀਕਲ ਚੈੱਕਅੱਪ ਅਤੇ ਇਲਾਜ ਲਈ ਹਸਪਤਾਲ, ਵਾਕ-ਇਨ ਕਲੀਨਿਕ ਜਾਂ ਆਪਣੇ ਡਾਕਟਰ ਕੋਲ ਜਾਉ। ਜੇ ਕਾਮੁਕ ਹਮਲਾ ਤਾਜ਼ਾ ਨਹੀਂ ਹੈ ਤਾਂ ਵੀ ਚੈੱਕਅੱਪ ਲਈ ਜਾਣਾ ਜ਼ਰੂਰੀ ਹੋ ਸਕਦਾ ਹੈ।
- ਜੇ ਤੁਸੀਂ ਪੁਲੀਸ ਨੂੰ ਰਿਪੋਰਟ ਕਰਨਾ ਚਾਹੁੰਦੇ ਹੋਵੋ ਪਰ ਹਾਲਤ ਹੰਗਾਮੀ ਨਾ ਹੋਵੇ (ਜਿਵੇਂ ਕਾਮੁਕ ਹਮਲਾ ਤਾਜ਼ਾ ਨਹੀਂ ਹੈ, ਤੁਸੀਂ ਖਤਰੇ ਵਿਚ ਨਹੀਂ ਹੋ) ਤਾਂ ਆਪਣੇ ਇਲਾਕੇ ਵਿਚ ਪੁਲੀਸ ਦੇ ਗੈਰ-ਐਮਰਜੰਸੀ ਨੰਬਰ ਨੂੰ ਫੋਨ ਕਰੋ।
- ਜੇ ਤੁਹਾਡੇ ਮਨ ਵਿਚ ਕਾਮੁਕ ਹਮਲੇ ਬਾਰੇ, ਜਾਂ ਆਪਣੇ ਹੱਕਾਂ ਬਾਰੇ ਸਵਾਲ ਹੋਣ ਤਾਂ ਕਿਸੇ ਵਿਕਟਿਮ ਸਰਵਿਸ ਵਰਕਰ ਤੋਂ ਬੇਝਿਜਕ ਪੁੱਛੋ।

**ਕਿਰਪਾ ਕਰਕੇ ਨੋਟ ਕਰੋ:** *ਇਹ ਪੈਂਫਲਿਟ ਸਿਰਫ ਆਮ ਜਾਣਕਾਰੀ ਦਿੰਦਾ ਹੈ। ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ।*

## ਵਸੀਲੇ

### ਹੈਲਥਲਿੰਕ ਬੀ ਸੀ

- ਹਰ ਰੋਜ਼ 24 ਘੰਟੇ ਬੀ.ਸੀ. ਵਿਚ 811 ’ਤੇ ਮੁਫਤ ਫੋਨ ਕਰੋ
- ਗੈਰ-ਐਮਰਜੰਸੀ ਸਿਹਤ ਜਾਣਕਾਰੀ ਅਤੇ ਸੇਵਾਵਾਂ ਤੱਕ ਸੌਖੀ ਪਹੁੰਚ
- ਬੇਨਤੀ ਕਰਨ ’ਤੇ 130 ਨਾਲੋਂ ਜ਼ਿਆਦਾ ਜ਼ਬਾਨਾਂ ਵਿਚ ਅਨੁਵਾਦ ਦੀਆਂ ਸੇਵਾਵਾਂ
- ਬੋਲ਼ੇ ਅਤੇ ਉੱਚਾ ਸੁਣਨ ਵਾਲੇ ਲੋਕਾਂ ਲਈ ਮਦਦ (ਟੀ ਟੀ ਵਾਈ), 711 ’ਤੇ ਫੋਨ ਕਰੋ
- www.healthlinkbc.ca

### ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ

- ਬੀ.ਸੀ. ਵਿਚ 1-866-660-3888 ’ਤੇ ਮੁਫਤ ਫੋਨ ਕਰੋ
- ਈ-ਮੇਲ: cvap@gov.bc.ca

### ਹੈਲਪਲਾਈਨ ਫਾਰ ਚਿਲਡਰਨ

- 310-1234 ’ਤੇ ਫੋਨ ਕਰੋ (ਏਰੀਏ ਕੋਡ ਦੀ ਲੋੜ ਨਹੀਂ ਹੈ), ਹਰ ਰੋਜ਼ 24 ਘੰਟੇ, 19 ਸਾਲ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਬਾਰੇ ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਕੋਲ ਰਿਪੋਰਟ ਕਰਨ ਲਈ ਜਿਸ ਨੂੰ ਹਿਫਾਜ਼ਤ ਦੀ ਲੋੜ ਹੈ
- ਟੀ ਟੀ ਡੀ (ਬੋਲ਼ਿਆਂ ਲਈ ਟੈਲੀਫੋਨ ਯੰਤਰ) ਦੀ ਵਰਤੋਂ ਕਰਨ ਲਈ 1-866-660-0505 ’ਤੇ ਫੋਨ ਕਰੋ

### ਵਿਕਟਿਮਲਿੰਕ ਬੀ ਸੀ

- ਵਿਕਟਿਮਲਿੰਕ ਬੀ ਸੀ ਇਕ ਮੁਫਤ, ਬਹੁਭਾਸ਼ਾਈ, ਗੁਪਤ ਟੈਲੀਫੋਨ ਸਰਵਿਸ ਹੈ ਜੋ ਕਿ ਬੀ.ਸੀ. ਅਤੇ ਯੁਕੋਨ ਵਿਚ ਦਿਨ ਦੇ 24 ਘੰਟੇ, ਹਫਤੇ ਦੇ ਸੱਤੇ ਦਿਨ ਉਪਲਬਧ ਹੈ ਜੋ ਕਿ ਜੁਰਮਾਂ ਦੇ ਸ਼ਿਕਾਰ ਸਾਰੇ ਲੋਕਾਂ ਲਈ ਜਾਣਕਾਰੀ ਅਤੇ ਰੈਫਰਲ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਪਰਿਵਾਰਕ ਅਤੇ ਕਾਮੁਕ ਹਿੰਸਾ ਤੋਂ ਪੀੜਿਤਾਂ ਲਈ ਸੰਕਟ ਵਿਚ ਫੌਰੀ ਸਹਾਇਤਾ ਦਿੰਦੀ ਹੈ।
- ਵਿਕਟਿਮਲਿੰਕ ਬੀ ਸੀ ਨਾਲ 1-800-563-0808 ’ਤੇ ਸੰਪਰਕ ਕਰੋ (ਬੀ.ਸੀ. ਅਤੇ ਯੁਕੋਨ ਵਿਚ ਮੁਫਤ)। 604-875-0885 ’ਤੇ ਟੀ ਟੀ ਵਾਈ ਨੂੰ ਫੋਨ ਕਰੋ; ਕੋਲੈਕਟ ਕਾਲ ਕਰਨ ਲਈ ਕਿਰਪਾ ਕਰਕੇ ਟੈਲਅੱਸ ਰੀਲੇਅ ਸਰਵਿਸ ਨੂੰ 711 ’ਤੇ ਫੋਨ ਕਰੋ। 604-836-6381 ’ਤੇ ਟੈਕਸਟ ਕਰੋ।
- ਈਮੇਲ: VictimLinkBC@bc211.ca
- www.victimlinkbc.ca

BRITISH COLUMBIA
www.gov.bc.ca